ਨੰ: 12/8/2011-5ਸਿ5 / 3365

**ਪੰਜਾਬ ਸਰਕਾਰ**

**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ-5 ਸ਼ਾਖਾ)**

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ, ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਰਾਜ ਦੇ ਸਮੂਹ ਸਿਵਲ ਸਰਜਨ, ਪ੍ਰਿੰਸੀਪਲ, ਮੈਡੀਕਲ/ਡੈਂਟਲ ਕਾਲਜ,
ਪਟਿਆਲਾ ਫਰੀਦਕੋਟ ਅਤੇ ਅੰਮ੍ਰਿਤਸਰ ।

ਮਿਤੀ, ਚੰਡੀਗੜ੍ਹ : **26 ਦਸੰਬਰ, 2011**

**ਵਿਸ਼ਾ:-** **ਰਾਜ ਸਰਕਾਰ ਦੇ ਪੈਨਸ਼ਨਰਜ਼ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੇ ਮੈਡੀਕਲ ਬਿੱਲ ਪੇਸ਼ ਕਰਨ ਦੀ ਵਿਧੀ ਸਰਲ ਬਣਾਉਣ ਬਾਰੇ।**

****

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 12/8/2011-5ਸਿ5/880-89, ਮਿਤੀ 22.3.2011 ਵੱਲ ਆਪ ਜੀ ਦਾ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੈਨਸ਼ਨਰਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੇ ਲੜੀ ਨੰ: 1 ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਦਾ ਫੈਸਲਾ ਲਿਆ ਗਿਆ ਹੈ :-

| ਲੜੀ ਨੰ | ਮੱਦ | | ਸੋਧ |
|---|---|---|---|
| 1 | ਚੰਡੀਗੜ੍ਹ, ਮੋਹਾਲੀ ਜਾਂ ਪੰਚਕੂਲਾ ਦੇ ਨਜ਼ਦੀਕ ਜਾਂ ਆਲੇ-ਦੁਆਲੇ ਵਿਚ ਰਹਿੰਦੇ ਪੈਨਸ਼ਨਰ | i) | ਜਿਹੜੇ ਪੈਨਸ਼ਨਰਜ਼ ਚੰਡੀਗੜ੍ਹ/ਪੰਚਕੂਲਾ ਵਿਖੇ ਰਹਿ ਰਹੇ ਹਨ ਅਤੇ ਚੰਡੀਗੜ੍ਹ/ਪੰਚਕੂਲਾ ਤੋਂ ਹੀ ਪੈਨਸ਼ਨ ਡਰਾਅ ਕਰ ਰਹੇ ਹਨ ਅਤੇ ਉਨ੍ਹਾਂ ਦੇ ਵਿਭਾਗ ਦੇ ਮੁੱਖੀ ਅਤੇ ਜਿਲ੍ਹੇ ਦੇ ਮੁੱਖੀ ਦਾ ਦਫਤਰ ਚੰਡੀਗੜ੍ਹ ਵਿਖੇ ਨਹੀਂ ਹੈ, ਕੇਵਲ ਉਹ ਹੀ ਆਪਣੇ ਮੈਡੀਕਲ ਬਿੱਲ ਪ੍ਰਤੀ ਪੂਰਤੀ ਲਈ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਪੇਸ਼ ਕਰਨਗੇ ਭਾਵੇਂ ਉਹ ਪੰਜਾਬ ਸਰਕਾਰ ਦੇ ਕਿਸੇ ਵੀ ਜਿਲ੍ਹੇ ਦੇ ਦਫਤਰ ਤੋਂ ਰਿਟਾਇਰ ਹੋਏ ਹੋਣ ਅਤੇ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ ਹੀ ਉਹਨਾਂ ਦੇ ਮੈਡੀਕਲ ਬਿੱਲਾਂ ਦੀ ਪ੍ਰਤੀ ਪੂਰਤੀ ਦਾ ਨਿਪਟਾਰਾ ਕਰੇਗਾ। |
| | | ii) | ਜਿਹੜੇ ਪੈਨਸ਼ਨਰਜ਼, ਮੋਹਾਲੀ ਜਾਂ ਹੋਰ ਜਿਲ੍ਹੇ ਤੋਂ ਰਿਟਾਇਰ ਹੋਏ ਹਨ ਅਤੇ ਉਹ ਮੋਹਾਲੀ ਤੋਂ ਹੀ ਪੈਨਸ਼ਨ ਡਰਾਅ ਕਰ ਰਹੇ ਹਨ ਅਤੇ ਮੋਹਾਲੀ ਵਿਖੇ ਹੀ ਰਹਿ ਰਹੇ ਹਨ ਅਤੇ ਜੇਕਰ ਉਹਨਾਂ ਦੇ ਵਿਭਾਗ ਦੇ ਮੁੱਖੀ ਅਤੇ ਜਿਲ੍ਹੇ ਮੁੱਖੀ ਦਾ ਦਫਤਰ ਮੋਹਾਲੀ ਜਾਂ ਚੰਡੀਗੜ੍ਹ ਵਿਖੇ ਨਹੀਂ ਹੈ, ਕੇਵਲ ਉਹ ਹੀ ਆਪਣੇ ਮੈਡੀਕਲ ਬਿੱਲ ਸਿਵਲ ਸਰਜਨ, ਮੋਹਾਲੀ ਨੂੰ ਪੇਸ਼ ਕਰਨਗੇ, ਜੋ ਉਹਨਾਂ ਦੀ ਪ੍ਰਤੀ ਪੂਰਤੀ ਦਾ ਅੰਤਿਮ ਨਿਪਟਾਰਾ ਕਰੇਗਾ। |

ਵਿਸ਼ਵਾਸ਼ਪਾਤਰ,

**ਵਿਸ਼ੇਸ਼ ਸਕੱਤਰ, ਸਿਹਤ**

ਪਿ:ਅੰ:ਨੰ: 12/8/2011-5ਸਿ5/ **3366** ਮਿਤੀ, ਚੰਡੀਗੜ੍ਹ : **26 ਦਸੰਬਰ, 2011**

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਵਿੱਤੀ ਕਮਿਸ਼ਨਰ/ਪ੍ਰਬੰਧਕੀ ਸਕੱਤਰ, ਪੰਜਾਬ, ਚੰਡੀਗੜ੍ਹ।
2) ਗ੍ਰਹਿ ਸਕੱਤਰ, ਕੇਂਦਰੀ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ।
3) ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ/ਆਡਿਟ), ਪੰਜਾਬ, ਚੰਡੀਗੜ੍ਹ ।
4) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ।
5) ਡਾਇਰੈਕਟਰ, ਸਿਹਤ ਸੇਵਾਵਾਂ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ।
6) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ ।
7) ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰਜ਼ ਭਲਾਈ, ਪੰਜਾਬ, ਚੰਡੀਗੜ੍ਹ ।
8) ਰਾਜ ਦੇ ਸਮੂਹ ਜਿਲ੍ਹਾ ਖਜ਼ਾਨਾ ਅਫਸਰ ।
9) ਡਾਇਰੈਕਟਰ, ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ।

61

386
23/1/12

ALL INDIA INSTITUTE OF MEDICAL SCIENCES
Neuro-Surgery Centre (Billing Section)

No.F.1-1/NEURO-SURGERY/11-12 Dated 11.1.12

To

19 JAN 2012

The Additional Director
Directorate of Health and Family Welfare,
Punjab Pariwar Kalyan Bhawan,s
Plot No.5,Sector-34-A,
Chandigarh (PMH Branch)

**Subject: Clarification regarding rates of various Lab tests/Investigations/surgeries/and packages.**

Sir,

Please refer to your letter no. Med(2)-Pb-11/7248 dated 14.10.11 (Chandigarh) on the subject cited above . In this connection it is intimated that there are no charges existing for such procedure in the Deptt. of Neuro-Radiology and neither any package charges are laid down for such procedure in this centre. However a copy of list of packages charges for various Neuro-Surgeries is enclosed herewith.

Yours faithfully,

Account Officer
Billing/CNC

Accounts Officer
C.N. Centre AIIMS

Encl: As above